# ਅਤਿਰਿਕਤ ਫਾਇਦੇ

## ਅਤਿਰਿਕਤ ਫਾਇਦੇ ਕੀ ਹੁੰਦੇ ਹਨ?

ਅਤਿਰਿਕਤ ਫਾਇਦੇ ਅਜਿਹੇ ਕੋਈ ਵਾਧੂ ਫਾਇਦੇ ਹਨ ਜਿਹਨਾਂ ਨੂੰ ਤੁਸੀਂ ਕੈਨੇਡਾ ਪੈਨਸ਼ਨ ਪਲਾਨ, ਕਿਊਬੈਕ ਪੈਨਸ਼ਨ ਪਲਾਨ *ਰੁਜ਼ਗਾਰ ਬੀਮਾ ਐਕਟ (Employment Insurance Act)*, ਇੱਕ ਅਪੰਗਤਾ ਬੀਮਾ ਪਲਾਨ, ਅਤੇ ਰੁਜ਼ਗਾਰਦਾਤਾ ਦੇ "ਟੌਪ-ਅੱਪ ਫਾਇਦੀਆਂ" ("top-up benefits") ਦੇ ਤਹਿਤ ਕੰਮ ਦੀ ਥਾਂ ਤੇ ਲੱਗੀ ਸੱਟ ਲਈ ਪ੍ਰਾਪਤ ਕਰਨ ਦੇ ਹੱਕਦਾਰ ਹੋ।

## ਅਤਿਰਿਕਤ ਫਾਇਦੀਆਂ ਦਾ ਵਰਕਰਜ਼ ਕਮਪਨਸੇਸ਼ਨ ਫਾਇਦੀਆਂ ਨਾਲ ਕੀ ਲੈਣਾ-ਦੇਣਾ ਹੈ?

ਜਿਹੜੇ ਅਤਿਰਿਕਤ ਫਾਇਦੇ ਤੁਸੀਂ ਆਪਣੇ ਵਰਕਰਜ਼ ਕਮਪਨਸੇਸ਼ਨ ਫਾਇਦੀਆਂ ਨਾਲ ਪ੍ਰਾਪਤ ਕਰਦੇ ਹੋ, ਜਾਂ ਤਾਂ ਤੁਹਾਡੇ ਮਜ਼ਦੂਰੀ ਨੁਕਸਾਨ ਫਾਇਦੀਆਂ ਵਿੱਚੋਂ ਘਟਾਏ ਜਾਣਗੇ, ਜਾਂ ਸੱਟ ਲੱਗਣ ਤੋਂ ਬਾਅਦ ਕਮਾਈਆਂ ਵਜੋਂ ਮੰਨੇ ਜਾਣਗੇ, ਜੋ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਕੀ ਫਾਇਦੀਆਂ ਤੇ ਟੈਕਸ ਲੱਗ ਸਕਦਾ ਹੈ ਜਾਂ ਨਹੀਂ ਲੱਗ ਸਕਦਾ। ਅਤਿਰਿਕਤ ਫਾਇਦੀਆਂ ਨੂੰ ਤੁਹਾਡੇ ਮੁਆਵਜ਼ਾ ਫਾਇਦੀਆਂ ਵਿੱਚੋਂ ਘਟਾਉਣ ਦਾ ਕਾਰਣ ਇਹ ਯਕੀਨੀ ਬਣਾਉਣਾ ਹੈ ਕਿ ਤੁਹਾਡੇ ਵਲੋਂ ਕਈ ਸਰੋਤਾਂ ਤੋਂ ਪ੍ਰਾਪਤ ਫਾਇਦੀਆਂ ਦੀ ਕੁੱਲ ਰਕਮ ਤੁਹਾਡੀ ਕਮਾਈਆਂ ਦੇ ਸ਼ੁੱਧ ਅਸਲ ਨੁਕਸਾਨ ਦੇ 100% ਤੋਂ ਵੱਧ ਨਹੀਂ ਹੁੰਦੀ।

## ਪਰ ਮੇਰਾ ਸਮੁੱਚਾ ਇਕਰਾਰਨਾਮਾ ਦੱਸਦਾ ਹੈ ਕਿ ਮੈਂ ਮੇਰੇ ਰੁਜ਼ਗਾਰਦਾਤਾ ਵਲੋਂ ਟੌਪ-ਅੱਪ ਫਾਇਦੀਆਂ ਲਈ ਹੱਕਦਾਰ ਹਾਂ।

ਟੌਪ-ਅੱਪ ਨੂੰ ਤੁਹਾਡੇ ਮਜ਼ਦੂਰ ਮੁਆਵਜ਼ਾ ਫਾਇਦੀਆਂ ਵਿੱਚੋਂ ਉਦੋਂ ਤੱਕ ਨਹੀਂ ਘਟਾਇਆ ਜਾਵੇਗਾ ਜਦੋਂ ਤੱਕ ਟੌਪ-ਅੱਪ ਤੁਹਾਨੂੰ ਤੁਹਾਡੀਆਂ ਕਮਾਈਆਂ ਦੇ ਸ਼ੁੱਧ ਅਸਲ ਨੁਕਸਾਨ ਦੇ 100% ਤੋਂ ਵੱਧ ਪ੍ਰਦਾਨ ਨਹੀਂ ਕਰਦਾ।

**ਟੌਪ-ਅੱਪ ਫਾਇਦੇ ਲੈਣ ਦਾ ਕੀ ਮਤਲਬ ਹੁੰਦਾ ਹੈ ਜੇ ਇਹ WCB ਫਾਇਦੀਆਂ ਵਿੱਚੋਂ ਘਟਾ ਹੀ ਦਿੱਤੇ ਜਾਂਦੇ ਹਨ?**

ਇਹ ਧਿਆਨ ਦੇਣਾ ਮਹੱਤਵਪੂਰਣ ਹੈ ਕਿ ਅਤਿਰਿਕਤ ਫਾਇਦੇ ਤੁਹਾਡੇ ਮੁਆਵਜ਼ਾ ਫਾਇਦੀਆਂ ਵਿੱਚੋਂ ਸਿਰਫ਼ ਤਾਂ ਘਟਾਏ ਜਾਂਦੇ ਹਨ, ਜਦੋਂ ਅਤਿਰਿਕਤ ਫਾਇਦੀਆਂ ਦੇ ਨਾਲ ਮਜ਼ਦੂਰੀ ਨੁਕਸਾਨ ਫਾਇਦੀਆਂ ਦਾ ਜੋੜ ਤੁਹਾਡੀ ਕਮਾਈਆਂ ਦੇ ਸ਼ੁੱਧ ਅਸਲ ਨੁਕਸਾਨ ਦੇ 100% ਤੋਂ ਵੱਧ ਹੁੰਦਾ ਹੈ।

**ਕੀ ਇਕ ਅਤਿਰਿਕਤ ਫਾਇਦਾ ਮੰਨੀ ਗਈ ਰਕਮ ਲਈ ਕੋਈ ਛੋਟਾਂ ਹੁੰਦੀਆਂ ਹਨ?**

ਹਾਂ, ਕਈ ਛੋਟਾਂ ਹੁੰਦੀਆਂ ਹਨ। ਤੁਹਾਨੂੰ ਹੇਠ ਲਿਖਿਆ ਰਿਪੋਰਟ ਕਰਨ ਦੀ ਲੋੜ ਨਹੀਂ ਹੁੰਦੀ:

- ਬੀਮਾ ਫਾਇਦੇ ਜੋ ਗਿਰਵੀ ਰੱਖੀਆਂ ਚੀਜ਼ਾਂ ਜਾਂ ਲੋਨ ਭੁਗਤਾਨਾਂ ਲਈ ਮਨੋਨੀਤ ਕੀਤੇ ਜਾਂਦੇ ਹਨ
- ਬੱਚਿਆਂ ਦੇ ਕੈਨੇਡਾ ਪੇਨਸ਼ਨ ਪਲਾਨ (CPP) ਅਪੰਗਤਾ ਫਾਇਦੇ (CPP ਡਿਸੇਬਿਲਿਟੀ ਚਾਈਲਡ ਬੈਨੀਫਿਟਸ)
- ਪੂੰਜੀ ਫਾਇਦੀਆਂ ਦੀ ਆਮਦਨੀ, ਨਿਵੇਸ਼ ਆਮਦਨੀ ਜਾਂ ਕਿਰਾਏ ਦੀ ਆਮਦਨੀ
- ਰਜਿਸਟਰਡ ਰੀਟਾਇਰਮੈਂਟ ਬਚਤ ਯੋਜਨਾ (RRSP) ਜਾਂ ਰਜਿਸਟਰਡ ਰੀਟਾਇਰਮੈਂਟ ਆਮਦਨ ਫੰਡ (RRIF) ਆਮਦਨੀ
- ਇੱਕ ਸਮਵਰਤੀ ਰੁਜ਼ਗਾਰਦਾਤਾ ਤੋਂ ਪ੍ਰਾਪਤ ਬੀਮਾਰੀ ਫਾਇਦੇ
- ਕੋਈ ਬਾਕੀ ਰਹਿੰਦਾ ਫਾਇਦਾ ਜੋ ਤੁਸੀਂ ਪ੍ਰਾਪਤ ਕਰ ਰਹੇ ਹੋ।

ਜੇ ਤੁਹਾਨੂੰ ਪੱਕਾ ਯਕੀਨ ਨਹੀਂ ਹੈ ਕਿ ਤੁਹਾਡੇ ਰਾਹੀਂ ਪ੍ਰਾਪਤ ਕੀਤੀ ਜਾ ਰਹੀ ਆਮਦਨੀ ਇਕ ਅਤਿਰਿਕਤ ਫਾਇਦਾ ਹੈ ਜਾਂ ਨਹੀਂ, ਆਪਣੇ ਨਿਰਣਾਇਕ (ਐਡਜੂਡੀਕੇਟਰ) ਜਾਂ ਮਾਮਲਾ ਪ੍ਰਬੰਧਕ ਨੂੰ ਕਾਲ ਕਰੋ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ *WCB ਦੀਆਂ ਨੀਤੀਆਂ* ਦੇਖੋ। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।